In the name of Allah the Most Gracious the Ever Merciful

بسم اللہ الرحمن الرحیم

Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press  ahmadiyyapressindia

( A Registered Religious and Charitable Society in India under the Societies Registration Act XXI 1860 )

حوالہ/Ref **270**
تاریخ/Date **27-12-2024**

**ਕਾਦੀਆਂਨ ਦਾਰੁਲ ਅਮਾਨ  ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਦਾ 129 ਵਾਂ ਜਲਸਾ ਸਲਾਨਾ  ਸ਼ੁਰੂ।**

**ਖੁਦਾ ਤਰਸੀ ਪਰਹੇਜ਼ਗਾਰੀ ਨਰਮ ਦਿਲੀ   ਆਪਸੀ ਮੁਹੱਬਤ ਅਤੇ ਆਪਸੀ ਭਾਈਚਾਰਕ ਸਾਂਝ  ਦੀ ਸਥਾਪਨਾ ਇਸ ਜਲਸੇ ਦੇ ਅਜ਼ੀਮ ਮਕਾਸਦ  ਹਨ |**

**ਸਾਰੇ ਧਰਮਾਂ ਵਿੱਚ ਅਮਨ ਅਤੇ ਸੁਲਹਾ ਦੀ ਬੁਨਿਆਦ ਪਾਉਣ ਵਾਲਾ ਇੱਕ ਰੂਹਾਨੀ ਸੰਮੇਲਨ|**

ਕਾਦੀਆਂ  27 ਦਸੰਬਰ
ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਨ ਦਾਰੁਲ ਅਮਾਨ ਵਿੱਚ 27 ਤੋਂ 29 ਦਸੰਬਰ ਤੱਕ  129 ਵਾਂ ਜਲਸਾ ਸਲਾਨਾ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਦੇ ਨਾਲ ਆਰੰਭ ਹੋ ਗਿਆ ਪਵਿੱਤਰ  ਕੁਰਆਨ ਸ਼ਰੀਫ ਦੀ ਤਿਲਾਵਤ   ਨਾਲ ਜਲਸਾ  ਆਰਭ ਹੋ ਗਿਆ  । ਅਜ ਦੇ ਇਸ ਸਮਾਰੋਹ  ਦੀ ਪ੍ਰਧਾਨਗੀ  ਸਦਰ ਸਦਰ ਅਜੁਮਨ ਅਹਿਮਦੀਆ  ਮੋਲਾਨਾ ਮੁਹੰਮਦ  ਕਰੀਮ ਓਦ ਦੀਨ ਸ਼ਾਹਿਦ ਜੀ ਕਰ ਰਹੇ ਸੀ ।   ਅੱਜ ਤੋਂ 133 ਸਾਲ ਪਹਿਲਾਂ 1891 ਵਿੱਚ    ਮੁਸਲਿਮ  ਜਮਾਤ ਅਹਿਮਦੀਆ  ਭਾਰਤ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ  ਕਾਦੀਆਨੀ ਮਸੀਹ ਮਾਊਦ ਵ  ਮਹਦੀ ਮਊਦ ਅਲੈਹ ਸਲਾਮ ਨੇ ਅੱਲਾਹ ਤਾਅਲਾ ਦੇ ਹੁਕਮ ਨਾਲ ਸਾਰੇ ਧਰਮਾ ਵਿਚ ਅਮਨ ਸ਼ਾਤੀ ਅਤੇ ਸੁਲਹਾ ਦੀ ਬੁਨਿਆਦ ਪਾਉਣ ਵਾਲੇ   ਅਤੇ ਇਸ ਨੂੰ ਵਧਾਉਣ ਵਾਲੇ ਰੂਹਾਨੀ ਸੰਮੇਲਨ ਦੀ ਸਥਾਪਨਾ ਕੀਤੀ ਸੀ ।

ਮੁਸਲਿਮ ਜਮਾਤ ਅਹਿਮਦੀਆ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਨੇ ਫਰਮਾਇਆ ਸੀ ਕਿ  ਇਸ ਰੂਹਾਨੀ ਜਲਸੇ ਦਾ ਮਕਸਦ ਦੁਨੀਆ ਨੂੰ ਆਪਣੇ ਖਾਲਕੇ ਹਕੀਕੀ ਦੇ ਵਲ ਬੁਲਾਉਣਾ ਮਖਲੂਕੇ ਖੁਦਾ ਦੇ ਦਰਮਿਆਨ ਆਪਸੀ ਹਮਦਰਦੀ ਪੈਦਾ ਕਰਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣਾ ਹੈ| ਇਹ ਜਲਸਾ ਕੋਈ ਮਾਮੂਲੀ ਜਲਸਾ ਨਹੀਂ ਬਲਕਿ ਇਹ ਆਪਣੇ ਆਪ ਵਿੱਚ  ਅਤੇ ਇਤਿਹਾਸ ਦੇ ਇਤਬਾਰ ਨਾਲ ਇੱਕ ਵੱਖਰੀ ਅਤੇ ਮੁਮਤਾਜ਼ ਹੈਸੀਅਤ ਦਾ ਹਾਮਿਲ ਜਲਸਾ ਹੈ| ਇਹ ਜਲਸਾ ਇਕ ਰੂਹਾਨੀ ਸਮੇਲਨ ਹੈ  ਜਿਸ ਵਿੱਚ ਸ਼ਮੂਲੀਅਤ ਦੇ ਲਈ ਹੱਕ ਨੂੰ ਪਛਾਨਣ ਵਾਲੇ   ਬਿਆਨ ਕਰਦਿਆਂ ਕਹਿੰਦੇ ਹਨ ਕਿ ਇਸ ਜਲਸੇ ਦਾ ਓਦੇਸ਼ ਅਤੇ ਅਸਲ ਮਤਲਬ ਇਹ ਸੀ ਕਿ ਸਾਡੀ ਜਮਾਤ ਦੇ ਲੋਕ  ਬਾਰ ਬਾਰ ਦੀ ਮੁਲਾਕਾਤਾਂ ਨਾਲ  ਇਹੋ ਜਿਹੀ ਤਬਦੀਲੀ ਆਪਣੇ ਅੰਦਰ ਹਾਸਿਲ ਕਰ ਲੈਣ ਕਿ ਉਨਾਂ ਦੇ ਦਿਲ  ਆਖਰਤ ਦੀ ਤਰਫ ਬਿਲਕੁਲ ਝੁਕ ਜਾਣ ਅਤੇ ਉਨ੍ਹਾਂ ਦੇ ਅੰਦਰ ਖੁਦਾ ਤਾਅਲਾ ਦਾ  ਖੌਫ ਪੈਦਾ ਹੋਵੇ  ।ਅਤੇ ਉਹ ਤਕਵਾ ,ਖੁਦਾ ਤਰਸੀ ਅਤੇ ਪਰਹੇਜ਼ਗਾਰੀ ਨਰਮ ਦਿਲੀ ਆਪਸੀ ਭਾਈਚਾਰਾ ਅਤੇ ਮੁਆਖਾਤ ਵਿੱਚ ਦੂਸਰਿਆਂ ਦੇ ਨਾਲ ਇੱਕ ਨਮੂਨਾ ਬਣ ਜਾਣ

ਅਤੇ ਇਨਕੇਸਾਰ ਅਤੇ ਸੇਵਾ ਅਤੇ ਸੱਚਾਈ ਉਹਨਾਂ ਵਿੱਚ ਪੈਦਾ ਹੋਵੇ| ਇਸ ਸਾਲ ਇਸ ਜਲਸੇ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਵਿਦੇਸ਼ਾਂ ਤੋਂ ਵੀ ਮਹਿਮਾਨ ਸ਼ਮੂਲੀਅਤ ਕਰ ਰਹੇ ਹਨ| ਇਸ ਤਿੰਨ ਰੋਜ਼ਾ ਜਲਸਾ ਸਲਾਨਾ ਵਿੱਚ ਇਹੋ ਜਿਹੀਆਂ ਤਕਰੀਰਾਂ ਹੋਣਗੀਆਂ ਜੋ ਇਨਸਾਨ ਨੂੰ ਇਖਲਾਕੀ ਇਤਬਾਰ ਤੋਂ ਅਤੇ ਰੂਹਾਨੀ ਇਤਬਾਰ ਤੋਂ ਵੀ ਤਰੱਕੀ ਦੀ ਰਾਹਾਂ ਤੇ ਚਲਾਉਣ ਵਾਲੀਆਂ ਹੋਣਗੀਆਂ। ਇਸ ਜਲਸੇ ਵਿੱਚ ਸ਼ਮੂਲੀਅਤ ਕਰਨ ਵਾਲਾ ਹਰ ਸ਼ਖਸ ਆਪਣੇ ਅੰਦਰ ਇੱਕ ਇਮਾਨੀ ਤਾਕਤ ਅਤੇ ਤਾਜ਼ਗੀ ਮਹਿਸੂਸ ਕਰਦਾ ਹੈ ਅਤੇ ਆਪਣੇ ਇਮਾਨ ਅਤੇ ਇਖਲਾਕ ਨੂੰ ਤਾਜ਼ਾ ਕਰਕੇ ਵਾਪਸ ਲੌਟਦਾ ਹੈ| ਇਸ ਜਲਸੇ ਦੇ ਨਾਲ ਅਹਿਮਦੀਆ ਮੁਸਲਿਮ ਜਮਾਤ ਦਾ ਇਹੀ ਪੈਗਾਮ ਹੈ ਕਿ ਇਨਸਾਨ ਆਪਣੇ ਖਾਲਿਕ ਵੱਲ ਧਿਆਨ ਦੇਵੇ ਅਤੇ ਮੁਹੱਬਤ ਸਭ ਦੇ ਲਈ ਨਫਰਤ ਕਿਸੇ ਤੋਂ ਨਹੀਂ ਦੇ ਅਸੂਲ ਨੂੰ ਅਪਣਾਉਂਦੇ ਹੋਏ ਹਰ ਇਨਸਾਨ ਦੂਸਰੇ ਇਨਸਾਨ ਦੇ ਦੀਨੀ ਜਜ਼ਬਾਤ ਅਤੇ ਅਹਿਸਾਸਾਤ ਦਾ ਇਹਤਰਾਮ ਕਰੇ ਅਤੇ ਮਖਲੂਕੇ ਖ਼ੁਦਾ ਦੀ ਭਲਾਈ ਅਤੇ ਹਮਦਰਦੀ ਲਈ ਇਕੱਠਿਆ ਹੋ ਕੇ ਕੋਸ਼ਿਸ਼ ਕਰੇ। ਅੱਜ ਦੇ ਇਸ ਜਲਸੇ ਨੂੰ ਮੌਲਾਨਾ ਮੁਹੰਮਦ ਹਮੀਦ ਕੋਸਰ ਅਤੇ ਮੌਲਾਨਾ ਅਤਾਉਲ ਮੁਜੀਬ ਲੋਨ ਨੇ ਸੰਬੋਧਨ ਕੀਤਾ।

ਫੋਟੋ :---- ਮੁਸਲਿਮ ਜਮਾਤ ਅਹਿਮਦੀਆ ਦੇ ਜਲਸੇ ਨੂੰ ਸਬੰਧੋਨ ਕਰਦਿਆਂ , ਅਤੇ ਜਲਸਾ ਸਾਲਾਨਾ ਵਿਚ ਸ਼ਾਮਿਲ ਸ਼ਰਧਾਲੂ


**Tariq Ahmad K**
Incharge Press & Media,
Ahmadiyya Muslim Jama'at India.
Mobile: +91-9988757988.